**ਪੰਜਾਬ ਵਿਧਾਨ ਸਭਾ**

**ਬਿੱਲ ਨੰ.22-ਪੀ.ਐਲ.ਏ.-2025**

**ਪੰਜਾਬ ਕਾਰੋਬਾਰ ਦਾ ਅਧਿਕਾਰ (ਸੋਧ) ਬਿੱਲ, 2025**

ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020 ਨੂੰ ਹੋਰ ਸੋਧਣ ਲਈ ਇੱਕ ਬਿੱਲ।

ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਕਾਰੋਬਾਰ ਦਾ ਅਧਿਕਾਰ (ਸੋਧ) ਐਕਟ, 2025 ਕਿਹਾ ਜਾ ਸਕੇਗਾ।

(2) ਇਹ ਇਸ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2020 ਦੇ ਪੰਜਾਬ ਐਕਟ 1 ਦੀ ਪ੍ਰਸਤਾਵਨਾ ਵਿੱਚ ਸੋਧ।

2. ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020 (ਇਸ ਤੋਂ ਪਿੱਛੋਂ ਪ੍ਰਮੁੱਖ ਐਕਟ ਵਜੋਂ ਹਵਾਲਾ ਦਿੱਤਾ ਜਾਂਦਾ), ਪ੍ਰਸਤਾਵਨਾ ਵਿੱਚ, ਸ਼ਬਦ "ਨਵੇਂ ਨਵੇਂ ਨਿਗਮਤ ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ" ਦੀ ਥਾਵੇਂ ਸ਼ਬਦ, "ਪਾਤਰ ਉੱਦਮ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 2 ਵਿੱਚ ਸੋਧ।

3. ਪ੍ਰਮੁੱਖ ਐਕਟ ਵਿੱਚ, ਧਾਰਾ 2 ਵਿੱਚ,-

(i) ਖੰਡ (ੳ) ਵਿੱਚ ਸ਼ਬਦ "ਕਿਸੇ ਪੰਜਾਬ ਕਾਨੂੰਨ ਅਧੀਨ ਲੋੜੀਂਦਾ" ਦੀ ਥਾਵੇਂ ਸ਼ਬਦ, "ਕਿਸੇ ਕਾਨੂੰਨ ਅਧੀਨ ਲੋੜੀਂਦਾ" ਰੱਖੇ ਜਾਣਗੇ;

(ii) ਖੰਡ (ੲ) ਤੋਂ ਬਾਅਦ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"(ਏਓ) "ਸੀਆਰਓ ਰਿਪੋਟ" ਦਾ ਮਤਲਬ ਹੈ ਤਜਵੀਜ਼ਤ ਪ੍ਰੋਜੈਕਟ ਲਈ ਸਬੰਧਤ ਹਲਕਾ ਮਾਲ ਅਧਿਕਾਰੀ ਤੋਂ ਉਚਿਤ ਤੌਰ ਤੇ ਪ੍ਰਵਾਨਤ ਰਿਪੋਟ ਜਿਵੇਂ ਮਾਲ ਅਤੇ ਮੁੜ-ਵਸੇਬਾ ਵਿਭਾਗ ਵੱਲੋਂ ਅਧਿਸੂਚਿਤ ਕੀਤੀ ਹੋਵੇ;";

(iii) ਖੰਡ (ਸ) ਵਿੱਚ ਸ਼ਬਦ "ਕਿਸੇ ਪੰਜਾਬ ਕਾਨੂੰਨ ਦੁਆਰਾ ਸਥਾਪਤ", ਦੀ ਥਾਵੇਂ ਸ਼ਬਦ, "ਕਿਸੇ ਕਾਨੂੰਨ ਦੁਆਰਾ ਸਥਾਪਤ" ਰੱਖੇ ਜਾਣਗੇ;

(iv) ਖੰਡ (ਹ) ਵਿੱਚ, ਸ਼ਬਦ "ਕਿਸੇ ਪੰਜਾਬ ਕਾਨੂੰਨ ਅਧੀਨ ਇੱਕ ਉੱਦਮ" ਦੀ ਥਾਵੇਂ ਸ਼ਬਦ, "ਕਿਸੇ ਕਾਨੂੰਨ ਅਧੀਨ ਇੱਕ ਉੱਦਮ" ਰੱਖੇ ਜਾਣਗੇ;

(v) ਖੰਡ (ਖਓ) ਦੀ ਥਾਵੇਂ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

"(ਖਓ) "ਪਾਤਰ ਉੱਦਮ" ਦਾ ਮਤਲਬ ਹੈ ਪਸਾਰ ਲਈ ਉਪਾ ਕਰ ਰਿਹਾ ਇੱਕ ਨਵਾਂ ਉੱਦਮ ਜਾਂ ਮੌਜੂਦ ਉੱਦਮ ਪ੍ਰੰਤੂ ਪਸਾਰ ਕਰ ਰਹੇ ਉੱਦਮ ਦੇ ਖ਼ਿਲਾਫ਼ ਸੁਸੰਗਤ ਐਕਟ ਅਧੀਨ ਕੋਈ ਖ਼ਿਲਾਫ਼ਵਰਜ਼ੀ ਨਹੀਂ ਹੈ:

ਪਰ ਪਾਤਰ ਉੱਦਮ ਵਿੱਚ ਅਸਲ ਸੰਪਦਾ ਪ੍ਰੋਜੈਕਟ, ਮਲਟੀਪਲੈਕਸ, ਮਿਨੀਪਲੈਕਸ, ਸ਼ਾਪਿੰਗ ਮਾਲ ਅਤੇ ਸਾਂਝੇ ਵਹਿੰਦੇ ਸਾਧਨ ਪਲਾਂਟ (ਸੀਈਟੀਪੀ) ਸੰਸਥਾਪਨਾਵਾਂ ਸ਼ਾਮਲ ਨਹੀਂ ਹਨ;";

(vi) ਖੰਡ (ਗ) ਦੀ ਥਾਵੇਂ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

"(ਗ) "ਉੱਦਮ" ਦਾ ਮਤਲਬ ਹੈ ਇੱਕ ਲਘੂ, ਛੋਟਾ ਜਾਂ ਦਰਮਿਆਨਾ ਉੱਦਮ, ਜਿਵੇਂ ਲਘੂ, ਛੋਟੇ ਅਤੇ ਦਰਮਿਆਨੇ ਉੱਦਮ ਵਿਕਾਸ ਐਕਟ, 2006 ਦੀ ਧਾਰਾ 2 ਦੇ ਖੰਡ (ਹ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ; ਜਾਂ ਸੀਮਾ-ਅੰਤ ਤੱਕ ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ, ਨਿਯਤ ਪੂੰਜੀ ਨਿਵੇਸ਼ (ਭੋਂ, ਇਮਾਰਤ ਅਤੇ ਪਲਾਂਟ ਅਤੇ ਮਸ਼ੀਨਰੀ) ਵਾਲਾ ਵੱਡਾ ਉੱਦਮ;";

(vii) ਖੰਡ (ਘ) ਤੋਂ ਬਾਅਦ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"(ਘਓ) "ਕਾਨੂੰਨ" ਦਾ ਮਤਲਬ ਹੈ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਜਾਂ ਅੰਗੀਕਾਰ ਕੀਤਾ ਕੋਈ ਕਾਨੂੰਨ, ਜਾਂ ਭਾਰਤ ਦੀ ਸੰਸਦ ਦੁਆਰਾ ਬਣਾਇਆ ਅਤੇ ਇਸ ਅਧੀਨ ਬਣਾਏ ਨਿਯਮ ਜਾਂ ਜਾਰੀ ਕੀਤੀਆਂ ਅਧਿਸੂਚਨਾਵਾਂ;"; ਅਤੇ

(viii) ਖੰਡ (ਛ) ਦੀ ਥਾਵੇਂ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

"(ਛ) "ਅਸਲ ਸੰਪਦਾ ਪ੍ਰੋਜੈਕਟਾਂ" ਦਾ ਮਤਲਬ ਹੈ ਕੋਈ ਵਪਾਰਕ ਕੰਪਲੈਕਸ ਜਾਂ ਕਲੋਨੀ ਜਾਂ ਪ੍ਰੋਜੈਕਟ ਜਿੱਥੇ ਪੰਜਾਬ ਰਿਹਾਇਸ਼ੀ ਮਕਾਨ ਅਤੇ ਸੰਪੱਤੀ ਵਿਨਿਯਮਨ ਐਕਟ, 1995 ਅਧੀਨ ਇਜਾਜ਼ਤ ਲੋੜੀਂਦੀ ਹੈ ਅਤੇ/ ਜਾਂ ਪੰਜਾਬ ਰਿਹਾਇਸ਼ੀ ਮਕਾਨ ਅਤੇ ਸੰਪੱਤੀ ਵਿਨਿਯਮਨ ਐਕਟ, 1995 ਦੀ ਧਾਰਾ 44 ਅਧੀਨ ਛੋਟ ਪ੍ਰਾਪਤ ਪ੍ਰੋਜੈਕਟ;"

2020 ਦੇ ਪੰਜਾਬ ਐਕਟ 1 ਦੀ ਧਾਰਾ 3 ਵਿੱਚ ਸੋਧ।

4. ਪ੍ਰਮੁੱਖ ਐਕਟ ਵਿੱਚ, ਧਾਰਾ 3 ਵਿੱਚ, ਉਪ-ਧਾਰਾ (1) ਵਿੱਚ, ਸ਼ਬਦ "ਲਘੂ, ਛੋਟੇ ਅਤੇ ਦਰਮਿਆਨੇ ਉੱਦਮ" ਦੀ ਥਾਵੇਂ ਸ਼ਬਦ, "ਪਾਤਰ ਉੱਦਮ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 4 ਵਿੱਚ ਸੋਧ।

5. ਪ੍ਰਮੁੱਖ ਐਕਟ ਵਿੱਚ, ਧਾਰਾ 4 ਵਿੱਚ,-

(i) ਖੰਡ (ii) ਵਿੱਚ, ਸ਼ਬਦ "ਲਘੂ, ਛੋਟੇ ਅਤੇ ਦਰਮਿਆਨੇ ਉੱਦਮ" ਦੀ ਥਾਵੇਂ, ਸ਼ਬਦ "ਪਾਤਰ ਉੱਦਮ" ਰੱਖੇ ਜਾਣਗੇ; ਅਤੇ

(ii) ਖੰਡ (iv) ਵਿੱਚ, ਸ਼ਬਦ "ਲਘੂ, ਛੋਟੇ ਅਤੇ ਦਰਮਿਆਨੇ ਉੱਦਮ" ਦੀ ਥਾਵੇਂ ਸ਼ਬਦ, "ਪਾਤਰ ਉੱਦਮ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 6 ਵਿੱਚ ਸੋਧ।

6. ਪ੍ਰਮੁੱਖ ਐਕਟ ਵਿੱਚ, ਧਾਰਾ 6 ਵਿੱਚ, ਉਪ-ਧਾਰਾ (2) ਵਿੱਚ, ਖੰਡ (ੳ) ਵਿੱਚ, ਸ਼ਬਦ "ਲਘੂ, ਛੋਟੇ ਅਤੇ ਦਰਮਿਆਨੇ ਉੱਦਮ" ਦੀ ਥਾਵੇਂ, ਸ਼ਬਦ "ਪਾਤਰ ਉੱਦਮ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 8 ਵਿੱਚ ਸੋਧ।

7. ਪ੍ਰਮੁੱਖ ਐਕਟ ਵਿੱਚ, ਧਾਰਾ 8 ਵਿੱਚ,-

(i) ਉਪ-ਧਾਰਾ (5) ਦੀ ਥਾਵੇਂ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(5) ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਕਿਸੇ ਵਿਅਕਤੀ ਨੂੰ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੇ ਉਪਬੰਧਾਂ ਅਧੀਨ ਅਧਿਸੂਚਿਤ ਖੇਤਰੀ ਯੋਜਨਾ, ਅਧਿਸੂਚਿਤ ਮਾਸਟਰ ਪਲਾਨ ਜਾਂ ਸਥਾਨਕ ਯੋਜਨਾਬੰਦੀ ਖੇਤਰ ਵਿੱਚ ਉਲਿਖਤ ਭੋਂ ਵਰਤੋਂ ਜਾਂ ਕਿਸੇ ਵੀ ਅਨੁਬੰਧਾਂ ਤੋਂ ਲਾਂਭੇ ਹੋ ਕੇ ਭੋਂ ਦੇ ਟੁਕੜੇ ਦੀ ਵਰਤੋਂ ਕਰਨ ਦਾ

ਹੱਕਦਾਰ ਨਹੀਂ ਬਣਾਏਗਾ। ਦਰਖ਼ਾਸਤਕਰਤਾ ਉਦਯੋਗਾਂ ਨੂੰ ਸਥਾਪਤ ਕਰਨ ਲਈ ਵੱਖ ਵੱਖ ਵਿਭਾਗਾਂ ਵੱਲੋਂ ਜਾਰੀ ਕੀਤੀਆਂ ਬੈਠਕ ਸੇਧਾਂ ਦੀ ਵੀ ਪਾਲਣਾ ਕਰੇਗਾ।"; ਅਤੇ

(ii) ਉਪ-ਧਾਰਾ (7) ਵਿੱਚ, ਸ਼ਬਦ ਅਤੇ ਬਰੈਕਟਾਂ "ਪੰਜਾਬ ਬਿਊਰੋ ਨਿਵੇਸ਼ ਬੜ੍ਹਾਵਾ (ਪੀਬੀਆਈਪੀ) ਦੀ ਇਕਹਿਰੀ ਖਿੜਕੀ ਪ੍ਰਣਾਲੀ" ਦੀ ਥਾਵੇਂ ਸ਼ਬਦ, "ਪੰਜਾਬ ਦੀ ਰਾਜ ਇਕਹਿਰੀ ਖਿੜਕੀ ਪ੍ਰਣਾਲੀ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 10 ਵਿੱਚ ਸੋਧ।

8. ਪ੍ਰਮੁੱਖ ਐਕਟ ਵਿੱਚ, ਧਾਰਾ 10 ਵਿੱਚ, ਉਪ-ਧਾਰਾਵਾਂ (1) ਅਤੇ (2) ਲਈ, ਹੇਠ-ਲਿਖੀਆਂ ਉਪ-ਧਾਰਾਵਾਂ ਰੱਖੀਆਂ ਜਾਣਗੀਆਂ, ਅਰਥਾਤ:-

"(1) ਪ੍ਰਵਾਨਤ ਉਦਯੋਗਿਕ ਪਾਰਕ (ਆਂ) ਜਾਂ ਅਸਲ ਸੰਪਦਾ ਪ੍ਰੋਜੈਕਟ (ਆਂ) ਵਿੱਚ ਸਥਾਪਤ ਜਾਂ ਅਮਲਸ਼ੀਲ ਪਾਤਰ ਉੱਦਮ ਲਈ, ਜ਼ਿਲ੍ਹਾ ਨੋਡਲ ਏਜੰਸੀ, ਇਰਾਦੇ ਦੀ ਘੋਸ਼ਣਾ ਪ੍ਰਾਪਤ ਹੋਣ ਤੇ, ਤੁਰੰਤ ਨਵੇਂ ਅਤੇ ਮੌਜੂਦਾ ਉੱਦਮ ਨੂੰ ਪੰਜ ਕਾਰਜ ਦੇ ਦਿਨਾਂ ਦੇ ਅੰਦਰ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰੇਗੀ।

(2) ਪ੍ਰਵਾਨਤ ਉਦਯੋਗਿਕ ਪਾਰਕ (ਆਂ) ਜਾਂ ਅਸਲ ਸੰਪਦਾ ਪ੍ਰੋਜੈਕਟ (ਆਂ) ਤੋਂ ਬਾਹਰ ਅਤੇ ਸੁਸੰਗਤ ਖੇਤਰੀ ਯੋਜਨਾ ਜਾਂ ਮਾਸਟਰ ਪਲਾਨ ਜਾਂ ਅਧਿਸੂਚਿਤ ਸਥਾਨਕ ਯੋਜਨਾ ਖੇਤਰਾਂ ਦੇ ਅਧੀਨ ਪ੍ਰਵਾਨਤ ਖੇਤਰਾਂ ਤੇ ਸਥਾਪਤ ਜਾਂ ਅਮਲਸ਼ੀਲ ਪਾਤਰ ਉੱਦਮ ਲਈ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਦਾ ਫ਼ੈਸਲਾ ਜ਼ਿਲ੍ਹਾ ਨੋਡਲ ਏਜੰਸੀ

ਦੁਆਰਾ ਨਵੇਂ ਉੱਦਮ ਲਈ ਪੰਦਰਾਂ ਕਾਰਜ ਦੇ ਦਿਨਾਂ ਦੀ ਮੁੱਦਤ ਦੇ ਅੰਦਰ ਅਤੇ ਮੌਜੂਦਾ ਉੱਦਮ ਲਈ ਅਠਾਰ੍ਹਾਂ ਕਾਰਜ ਦੇ ਦਿਨਾਂ ਦੇ ਅੰਦਰ, ਜ਼ਾਬਤੇ ਦੀ ਅਨੁਸਾਰਤਾ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਲਿਆ ਜਾਵੇਗਾ।"

2020 ਦੇ ਪੰਜਾਬ ਐਕਟ 1 ਦੀ ਧਾਰਾ 11 ਵਿੱਚ ਸੋਧ।

9. ਪ੍ਰਮੁੱਖ ਐਕਟ ਵਿੱਚ, ਧਾਰਾ 11 ਵਿੱਚ, ਉਪ-ਧਾਰਾ (1) ਵਿੱਚ, ਸ਼ਬਦ "ਦਰਖ਼ਾਸਤ ਜਾਂ ਖ਼ਿਲਾਫ਼ਵਰਜ਼ੀ" ਦੀ ਥਾਵੇਂ, ਸ਼ਬਦ "ਦਰਖ਼ਾਸਤ/ਇਰਾਦੇ ਦੀ ਘੋਸ਼ਣਾ ਜਾਂ ਖ਼ਿਲਾਫ਼ਵਰਜੀ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 13 ਵਿੱਚ ਸੋਧ।

10. ਪ੍ਰਮੁੱਖ ਐਕਟ ਵਿੱਚ, ਧਾਰਾ 13 ਵਿੱਚ, ਸ਼ਬਦ "ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ" ਦੀ ਥਾਵੇਂ ਸ਼ਬਦ, "ਪਾਤਰ ਉੱਦਮ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 17 ਵਿੱਚ ਸੋਧ।

11. ਪ੍ਰਮੁੱਖ ਐਕਟ ਵਿੱਚ, ਧਾਰਾ 17 ਵਿੱਚ, ਸ਼ਬਦ "ਕਿਸੇ ਪੰਜਾਬ ਕਾਨੂੰਨ ਦੇ ਉਪਬੰਧ" ਦੀ ਥਾਵੇਂ ਸ਼ਬਦ, "ਕਿਸੇ ਕਾਨੂੰਨ ਦੇ ਉਪਬੰਧ" ਰੱਖੇ ਜਾਣਗੇ।

2020 ਦੇ ਪੰਜਾਬ ਐਕਟ 1 ਦੀ ਧਾਰਾ 18 ਵਿੱਚ ਸੋਧ।

12. ਪ੍ਰਮੁੱਖ ਐਕਟ ਵਿੱਚ, ਧਾਰਾ 18 ਵਿੱਚ.-

(i) ਉਪ-ਧਾਰਾ (2) ਦੀ ਥਾਵੇਂ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(2) ਹੇਠ-ਲਿਖੇ ਰਾਜ ਇਨੈਕਟਮੈਂਟਾਂ ਦੇ ਉਪਬੰਧ ਅਤੇ ਰਾਜ ਸਰਕਾਰ ਦੁਆਰਾ ਕਿਸੇ ਇਨੈਕਟਮੈਂਟ ਅਧੀਨ ਬਣਾਏ ਗਏ ਨਿਯਮ ਇਸ ਐਕਟ ਦੇ ਉਪਬੰਧਾਂ ਦੇ ਅਨੁਰੂਪ ਕਰਨ ਲਈ, ਜੇ ਇਸ ਤਰ੍ਹਾਂ ਲੋੜਿਆ ਜਾਵੇ, ਸੋਧੇ ਹੋਏ ਸਮਝੇ ਜਾਣਗੇ ਜਿੱਥੋਂ

ਤੱਕ ਇਹ ਇਸ ਐਕਟ ਦੇ ਉਪਬੰਧਾਂ ਦਾ ਪਰਿਪਾਲਣ ਕਰਨ ਲਈ ਜ਼ਰੂਰੀ ਹਨ, ਅਰਥਾਤ:-

| ਲੜੀ ਨੰ: | ਐਕਟ/ਨਿਯਮ ਵਿਭਾਗ | ਸੇਵਾਵਾਂ |
|---|---|---|
| 1 | ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 | 1. ਇਮਾਰਤ ਯੋਜਨਾਵਾਂ ਦੀ ਮਨਜ਼ੂਰੀ<br>2. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ-ਕਮ-ਕਬਜ਼ਾ ਸਰਟੀਫਿਕੇਟ ਜਾਰੀ ਕਰਨਾ<br>3. ਵਪਾਰ ਲਸੰਸ ਦਾ ਜਾਰੀ ਹੋਣਾ |
| 2 | ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 (ਮੌਜੂਦਾ ਉਪ-ਕਾਨੂੰਨਾਂ ਮੁਤਾਬਿਕ) | 1. ਭੋਂ ਵਰਤੋਂ ਦੀ ਤਬਦੀਲੀ (ਸੀ.ਐੱਲ.ਯੂ.)<br>2. ਇਮਾਰਤ ਯੋਜਨਾਵਾਂ ਦੀ ਮਨਜ਼ੂਰੀ<br>3. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ ਜਾਰੀ ਕਰਨਾ |

| | | |
|---|---|---|
| | | 4. ਇਮਾਰਤਾਂ ਲਈ ਕਬਜ਼ਾ ਸਰਟੀਫਿਕੇਟ ਜਾਰੀ ਕਰਨਾ |
| 3. | ਪੰਜਾਬ ਅਗਨੀ ਅਤੇ ਸੰਕਟ ਸੇਵਾਵਾਂ ਐਕਟ, 2024 | ਅਗਨੀ ਇਤਰਾਜ਼ਹੀਣਤਾ ਸਰਟੀਫਿਕੇਟ ਲਈ ਦਰਖ਼ਾਸਤ |
| 4. | ਪੰਜਾਬ ਫੈਕਟਰੀ ਨਿਯਮ, 1952 | ਫੈਕਟਰੀ ਇਮਾਰਤ ਯੋਜਨਾ ਦੀ ਪ੍ਰਵਾਨਗੀ (ਫੈਕਟਰੀ ਐਕਟ, 1948 ਦੀ ਪਹਿਲੀ ਅਨੁਸੂਚੀ ਮੁਤਾਬਿਕ ਜੋਖੋਂ ਵਾਲੇ ਅਮਲ ਨੂੰ ਛੱਡ ਕੇ) |
| 5. | ਪੰਜਾਬ ਦੁਕਾਨਾਂ ਅਤੇ ਵਣਜਕ ਅਦਾਰੇ ਐਕਟ, 1958 | ਅਦਾਰੇ ਜਾਂ ਦੁਕਾਨ ਦਾ ਰਜਿਸਟਰੀਕਰਨ |
| 6. | ਇਮਾਰਤ ਅਤੇ ਹੋਰ ਉਸਾਰੀ ਕਾਮੇ (ਰੁਜ਼ਗਾਰ ਅਤੇ ਸੇਵਾਵਾਂ ਦੀਆਂ ਸ਼ਰਤਾਂ ਦਾ ਵਿਨਿਯਮਨ) ਐਕਟ, 1996 | 1. ਪ੍ਰਮੁੱਖ ਨਿਯੋਜਕ ਦਾ ਰਜਿਸਟਰੀਕਰਣ<br>2. ਬੀ. ਓ. ਸੀ. ਡਬਲਿਊ ਐਕਟ, 1996 ਅਧੀਨ ਰਜਿਸਟਰੀਕਰਨ |

| | | |
|---|---|---|
| | (ਬੀਓਸੀਡਬਲਿਊ ਐਕਟ, 1996) | |
| 7. | ਫੈਕਟਰੀ ਐਕਟ, 1948 | 1. ਸਥਿਰਤਾ ਸਰਟੀਫਿਕੇਟ<br>2. ਫੈਕਟਰੀ ਲਸੰਸ |
| 8. | ਪਾਣੀ (ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਅਤੇ ਹਵਾ (ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ) ਐਕਟ, 1981 | 1. ਸਥਾਪਤ ਕਰਨ ਦੀ ਅਨੁਮਤੀ (ਪ੍ਰਵਾਨਤ ਉਦਯੋਗਿਕ ਪਾਰਕ ਦੇ ਅੰਦਰ ਸਫ਼ੈਦ ਹਰੇ ਅਤੇ ਸੰਤਰੀ ਸ਼੍ਰੇਣੀ ਦੇ ਉਦਯੋਗ) (ਪ੍ਰਵਾਨਤ ਉਦਯੋਗਿਕ ਪਾਰਕ ਤੋਂ ਬਾਹਰ ਸਫ਼ੈਦ ਅਤੇ ਹਰੀ ਸ਼੍ਰੇਣੀ ਦੇ ਉਦਯੋਗ)<br>2. ਚਲਾਉਣ ਦੀ ਅਨੁਮਤੀ (ਸਫ਼ੈਦ ਅਤੇ ਹਰੀ ਸ਼੍ਰੇਣੀ ਦੇ ਉਦਯੋਗ) |
| 9. | ਜੰਗਲ ਅਤੇ ਜੰਗਲੀ ਜੀਵ ਪਰਿਰੱਖਣ ਵਿਭਾਗ, ਪੰਜਾਬ | ਜੰਗਲਾਤ ਰਹਿਤ ਭੋਂ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) |

| | | |
|---|---|---|
| 10. | ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ ਲਿਮਟਿਡ (ਪੀਐੱਸਆਈਈਸੀ) ਉਪ ਕਾਨੂੰਨ ਮੁਤਾਬਿਕ | 1. ਇਮਾਰਤ ਯੋਜਨਾਵਾਂ ਦੀ ਮਨਜ਼ੂਰੀ<br>2. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ-ਕਮ-ਕਬਜ਼ਾ ਸਰਟੀਫਿਕੇਟ ਜਾਰੀ ਕਰਨਾ"; ਅਤੇ |

(ii) ਉਪ-ਧਾਰਾ (2) ਤੋਂ ਬਾਅਦ, ਹੇਠ-ਲਿਖੀਆਂ ਉਪ-ਧਾਰਾਵਾਂ ਸ਼ਾਮਲ ਕੀਤੀਆਂ ਜਾਣਗੀਆਂ, ਅਰਥਾਤ:-

"(3) ਉਪ-ਧਾਰਾ (2) ਦੇ ਲੜੀ ਨੰ: 8 ਅਤੇ 9 ਅਧੀਨ ਥੱਲੇ ਨਾ ਆਉਣ ਵਾਲੇ ਉਦਯੋਗਾਂ ਦੀਆਂ ਸ੍ਰੇਣੀਆਂ, ਜੰਗਲਾਤ (ਪਰਿਰੱਖਣ) ਐਕਟ, 1980 ਅਧੀਨ ਕ੍ਰਮਵਾਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਅਤੇ ਭਾਰਤ ਸਰਕਾਰ ਤੋਂ ਵੱਖਰੀ ਪ੍ਰਵਾਨਗੀ ਲੈ ਸਕਦੇ ਹਨ, ਜਿਵੇਂ ਵੀ ਲਾਗੂ ਹੋਵੇ, ਅਤੇ ਉਪ-ਧਾਰਾ (2) ਅਧੀਨ ਬਾਕੀ ਸੇਵਾਵਾਂ ਲਈ ਐਕਟ ਅਧੀਨ ਦਰਖ਼ਾਸਤ ਪ੍ਰੋਸੈਸ ਕੀਤੀ ਜਾਵੇਗੀ।

(4) ਉਹਨਾਂ ਉੱਦਮਾਂ ਲਈ ਜਿੱਥੇ ਵਾਤਾਵਰਣ ਨਿਕਾਸੀ (ਈਸੀ) ਲੋੜੀਂਦੀ ਹੈ ਅਤੇ ਉਹ ਹਾਲੇ ਪ੍ਰਾਪਤ ਕੀਤੀ ਜਾਣੀ ਹੈ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਇਸ ਸੁ਼ਰਤ ਦੇ ਤਾਬੇ ਜਾਰੀ ਕੀਤਾ ਜਾਵੇਗਾ ਕਿ ਜਗ੍ਹਾ ਤੇ ਉਸਾਰੀ ਸ਼ੁਰੂ ਕਰਨ ਤੋਂ

ਪਹਿਲਾਂ ਦਰਖ਼ਾਸਤਕਾਰ ਸ਼ਕਤਵਾਨ ਅਥਾਰਟੀ ਤੋਂ ਲਾਜ਼ਮੀ ਤੌਰ ਤੇ ਈਸੀ ਲਵੇਗਾ।

(5) ਉਹਨਾਂ ਉੱਦਮਾਂ ਲਈ ਜਿੱਥੇ ਜੰਗਲਾਤ ਭੋਂ ਪਲੱਚਵੀਂ ਹੈ ਅਤੇ ਜਿਸ ਲਈ ਜੰਗਲਾਤ (ਪਰਿਰੱਖਣ) ਐਕਟ, 1980 ਅਧੀਨ ਭਾਰਤ ਸਰਕਾਰ (ਜੀਓਆਈ) ਤੋਂ ਪ੍ਰਵਾਨਗੀ ਜ਼ਰੂਰੀ ਹੈ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਇਸ ਸ਼ਰਤ ਦੇ ਤਾਬੇ ਜਾਰੀ ਕੀਤਾ ਜਾਵੇਗਾ ਕਿ ਜਗ੍ਹਾ ਤੇ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਦਰਖ਼ਾਸਤਕਾਰ ਸ਼ਕਤਵਾਨ ਅਥਾਰਟੀ ਤੋਂ ਲਾਜ਼ਮੀ ਤੌਰ ਤੇ ਜੰਗਲਾਤ ਨਿਕਾਸੀ ਪ੍ਰਵਾਨਗੀ ਲਵੇਗਾ।"

2020 ਦੇ ਪੰਜਾਬ ਐਕਟ 1 ਦੀ ਧਾਰਾ 19 ਵਿੱਚ ਸੋਧ।

13. ਪ੍ਰਮੁੱਖ ਐਕਟ ਵਿੱਚ, ਧਾਰਾ 19 ਵਿੱਚ, ਸ਼ਬਦ "ਕਿਸੇ ਪੰਜਾਬ ਕਾਨੂੰਨ ਅਧੀਨ ਭਾਰਿਤ" ਦੀ ਥਾਵੇਂ, ਸ਼ਬਦ "ਕਿਸੇ ਕਾਨੂੰਨ ਅਧੀਨ ਭਾਰਿਤ" ਰੱਖੇ ਜਾਣਗੇ।

## ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ

ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿੱਲ, 2025 ਦਾ ਉਦੇਸ਼ ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਅਤੇ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਐਕਟ, 2021 ਵਿੱਚ ਸੋਧ ਕਰਨਾ ਹੈ, ਜਿਸ ਤਹਿਤ ਨਿਰਮਾਣ ਤੋਂ ਪਹਿਲਾਂ ਦੀਆਂ ਰੈਗੂਲੇਟਰੀ ਪ੍ਰਵਾਨਗੀਆਂ, ਜਿਵੇਂ ਕਿ Registration of Principle Employer, Registration under BOCW Act, Stability Certificate, Factory License, Consent to Establish, Consent to Operate and No Objection Certificate (NOC) for no forest land, ਨੂੰ ਐਕਟ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਸੋਧ ਤਹਿਤ ਇੱਕ ਵਧੇਰੇ ਵਿਆਪਕ, ਕੁਸ਼ਲ ਅਤੇ ਨਿਵੇਸ਼ਕ-ਅਨੁਕੂਲ ਢਾਂਚਾ ਪ੍ਰਦਾਨ ਕਰਨ ਲਈ ਕਲਪਨਾ ਕੀਤੀ ਗਈ ਹੈ, ਜਿਸ ਨਾਲ ਰਾਜ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਹੋਵੇਗੀ। ਅਪਰੂਵਡ ਉਦਯੋਗਿਕ ਪਾਰਕਾਂ ਜਾਂ ਰੀਅਲ ਅਸਟੇਟ ਪ੍ਰੋਜੈਕਟਾਂ ਵਿੱਚ ਯੋਗ ਉਦਯੋਗਾਂ ਨੂੰ ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ 5 ਕਾਰਜਕਾਰੀ ਦਿਨਾਂ ਦੇ ਅੰਦਰ ਸਰਟੀਫਿਕੇਟ ਆਫ ਇਨ-ਪ੍ਰਿੰਸੀਪਲ ਅਪਰੂਵਲ ਪ੍ਰਾਪਤ ਹੋਵੇਗਾ, ਜਦੋਂ ਕਿ ਇਹਨਾਂ ਖੇਤਰਾਂ ਤੋਂ ਬਾਹਰ ਸਥਿਤ ਨਵੇਂ ਉਦਯੋਗਾਂ ਨੂੰ 15 ਦਿਨਾਂ ਦੇ ਅੰਦਰ ਅਤੇ ਮੌਜੂਦਾ ਉਦਯੋਗਾਂ ਨੂੰ 18 ਦਿਨਾਂ ਦੇ ਅੰਦਰ ਇਹ ਸਰਟੀਫਿਕੇਟ ਪ੍ਰਾਪਤ ਹੋਵੇਗਾ।

ਸੰਜੀਵ ਅਰੋੜਾ
ਉਦਯੋਗ ਅਤੇ ਕਮਰਸ ਮੰਤਰੀ, ਪੰਜਾਬ

---

ਚੰਡੀਗੜ੍ਹ:
26 ਸਤੰਬਰ, 2025

ਰਾਮ ਲੋਕ ਖਟਣਾ,
ਸਕੱਤਰ

---

ਵਿ.ਨੋ.- ਉਪਰੋਕਤ ਬਿਲ ਪੰਜਾਬ ਵਿਧਾਨ ਸਭਾ (ਪੰਜਾਬ ਲੇਜਿਸਲੇਟਿਵ ਅਸੈਂਬਲੀ) ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 121 ਦੀ ਸ਼ਰਤੀ -ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਆਸਾਧਾਰਨ) ਮਿਤੀ 26 ਸਤੰਬਰ, 2025 ਵਿੱਚ ਪ੍ਰਕਾਸ਼ਿਤ ਕੀਤਾ ਗਿਆ।